# ਤੁਹਾਡਾ ਕੁੱਤਾ ਅਤੇ ਤੁਹਾਡਾ ਨਵਜਾਤ ਬੱਚਾ

**ਜੇਕਰ ਤੁਹਾਡਾ ਬੱਚਾ ਹੋਣ ਵਾਲਾ ਹੈ, ਤਾਂ ਹੁਣ ਤੁਹਾਡੇ ਕੁੱਤੇ ਨੂੰ ਤਿਆਰ ਕਰਨਾ ਸ਼ੁਰੂ ਕਰਨ ਦਾ ਸਮਾਂ ਹੈ। ਹੌਲੀ-ਹੌਲੀ ਆਪਣੇ ਘਰ ਅਤੇ ਨੇਮੀ ਕੰਮਾਂ ਵਿੱਚ ਬਦਲਾਅ ਪੇਸ਼ ਕਰੋ, ਅਤੇ ਉਨ੍ਹਾਂ ਇਨਾਮਾਂ ਦੀ ਵਰਤੋਂ ਕਰੋ ਜੋ ਤੁਹਾਡੇ ਕੁੱਤੇ ਨੂੰ ਪਸੰਦ ਹਨ, ਤਾਂ ਜੋ ਨਵਜਾਤ ਬੱਚੇ ਦੇ ਆਉਣ ’ਤੇ ਚੰਗੀ ਤਰ੍ਹਾਂ ਸਿੱਝਣ ਵਿੱਚ ਉਹ ਉਸ ਲਈ ਮਦਦਗਾਰ ਹੋਣ।**

## ਛੇਤੀ ਸ਼ੁਰੂ ਕੀਤੇ ਜਾਣ ਵਾਲੇ ਕੰਮ

- ਇਸ ਬਾਰੇ ਸੋਚੋ ਕਿ ਤੁਹਾਡਾ ਪੈਦਲ ਚੱਲਣ ਦਾ ਸਮਾਂ ਜਾਂ ਰਸਤੇ ਕਿਵੇਂ ਵੱਖਰੇ ਹੋ ਸਕਦੇ ਹਨ ਅਤੇ ਅਤੇ ਤਬਦੀਲੀਆਂ ਪੇਸ਼ ਕਰਨੀਆਂ ਸ਼ੁਰੂ ਕਰੋ
- ਆਪਣੇ ਕੁੱਤੇ ਨੂੰ ਕਿਸੇ ਹੋਰ ਕਮਰੇ ਵਿੱਚ ਇਕੱਲੇ ਰਹਿਣ ਦੀ ਆਦਤ ਪਾਓ, ਭਾਵੇਂ ਦਰਵਾਜ਼ਾ ਬੰਦ ਕਰ ਕੇ ਜਾਂ ਇੱਕ ਸੁਰੱਖਿਆ ਗੇਟ ਨਾਲ
- ਤੁਸੀਂ ਮੁੱਖ ਲਿਵਿੰਗ ਰੂਮ ਤੋਂ ਦੂਰ ਉਸਦੀ ਆਪਣੀ ਸ਼ਾਂਤ ਜਗ੍ਹਾ ਬਣਾ ਸਕਦੇ ਹੋ।

## ਜਦੋਂ ਤੁਹਾਡੇ ਕੋਲ ਬੱਚੇ ਦੀਆਂ ਚੀਜ਼ਾਂ ਹੋਣ

- ਜੇਕਰ ਤੁਹਾਨੂੰ ਬੱਚੇ ਦੀਆਂ ਚੀਜ਼ਾਂ ਦਿੱਤੀਆਂ ਗਈਆਂ ਹਨ ਜਾਂ ਤੁਸੀਂ ਉਹ ਖਰੀਦੀਆਂ ਹਨ, ਤਾਂ ਉਹ ਪ੍ਰਾਪਤ ਹੁੰਦੇ ਹੀ ਉਨ੍ਹਾਂਨੂੰ ਟਿਕਾਣੇ ’ਤੇ ਲਗਾਓ ਤਾਂ ਜੋ ਤੁਹਾਡਾ ਕੁੱਤਾ ਉਨ੍ਹਾਂਨੂੰ ਸੁੰਘ ਸਕੇ ਅਤੇ ਉਸਨੂੰ ਉਨ੍ਹਾਂ ਦੀ ਆਦਤ ਪੈ ਸਕੇ
- ਜੇਕਰ ਤੁਹਾਡੇ ਕੋਲ ਇੱਕ ਪ੍ਰੈਮ ਹੈ, ਤਾਂ ਤੁਸੀਂ ਆਪਣੇ ਕੁੱਤੇ ਨੂੰ ਉਸਦੇ ਨਾਲ-ਨਾਲ ਚੱਲਣ ਦਾ ਅਭਿਆਸ ਕਰਾ ਸਕਦੇ ਹੋ
- ਇੱਕ ਗੁੱਡੀ ਨੂੰ ਬੱਚੇ ਦੇ ਰੂਪ ਵਿੱਚ ਵਰਤਣ ਦੀ ਕੋਸ਼ਿਸ਼ ਕਰੋ। ਜਦੋਂ ਤੁਹਾਡਾ ਕੁੱਤਾ ਗੁੱਡੀ ਦੇ ਆਲੇ-ਦੁਆਲੇ ਆਪਣੇ ਪੰਜੇ ਜ਼ਮੀਨ ’ਤੇ ਰੱਖਦਾ ਹੈ ਤਾਂ ਉਸਦੀ ਪ੍ਰਸ਼ੰਸਾ ਕਰੋ ਜਾਂ ਉਸਨੂੰ ਟ੍ਰੀਟ ਦਿਓ
- ਜੇਕਰ ਤੁਹਾਡੇ ਕੋਲ ਬੱਚੇ ਦੀਆਂ ਅਵਾਜ਼ਾਂ ਚਲਾਉਣ ਲਈ ਫ਼ੋਨ ਹੈ, ਤਾਂ ਇਹ ਤੁਹਾਡੇ ਕੁੱਤੇ ਨੂੰ ਨਵੀਆਂ ਅਵਾਜ਼ਾਂ ਦੀ ਆਦਤ ਪਾਉਣ ਵਿੱਚ ਮਦਦ ਕਰ ਸਕਦਾ ਹੈ।

## ਬੱਚੇ ਦਾ ਆਗਮਨ

- ਬੱਚੇ ਨੂੰ ਘਰ ਲਿਆਉਣ ਤੋਂ ਪਹਿਲਾਂ ਪਰਿਵਾਰ ਦੇ ਕਿਸੇ ਮੈਂਬਰ ਨੂੰ ਕੁੱਤੇ ਨੂੰ ਬਾਹਰ ਘੁਮਾਉਣ ਲਈ ਲਿਜਾਣ ਲਈ ਕਹੋ, ਤਾਂ ਜੋ ਉਹ ਸ਼ਾਂਤ ਹੋਵੇ
- ਪਹਿਲਾਂ ਆਪਣੇ ਕੁੱਤੇ ਨੂੰ ਹੈਲੋ ਕਹੋ। ਫਿਰ ਬੱਚੇ ਨਾਲ ਸ਼ਾਂਤ ਕਮਰੇ ਵਿੱਚ ਜਾਣ-ਪਛਾਣ ਕਰਵਾਓ
- ਆਪਣੇ ਕੁੱਤੇ ਨੂੰ ਚੰਗੇ ਵਿਹਾਰ ਲਈ ਬਹੁਤ ਟ੍ਰੀਟ ਦਿਓ।

## ਤੁਹਾਡੇ ਬੱਚੇ ਨਾਲ ਘਰ ਵਿੱਚ ਰਹਿਣਾ

- ਜਦੋਂ ਤੁਹਾਡਾ ਕੁੱਤਾ ਮੌਜੂਦ ਹੋਵੇ ਤਾਂ ਹਮੇਸ਼ਾ ਆਪਣੇ ਬੱਚੇ ਦੇ ਨਾਲ ਰਹੋ
- ਆਪਣੇ ਬੱਚੇ ਨੂੰ ਫਰਸ਼ ‘ਤੇ ਜਾਂ ਫਰਸ਼ ‘ਤੇ ਮੋਜ਼ਿਜ਼ ਬਾਸਕਿਟ ਵਿੱਚ ਲਿਟਾਉਣ ਤੋਂ ਪਰਹੇਜ਼ ਕਰੋ
- ਜੇਕਰ ਤੁਹਾਡੇ ਘਰ ਵਿੱਚ ਹੇਠਾਂ ਕ੍ਰਿਬ ਮੌਜੂਦ ਹੈ, ਤਾਂ ਇੱਕ ਸੁਰੱਖਿਆ ਗੇਟ ਦੀ ਵਰਤੋਂ ਕਰੋ ਜਾਂ ਉਸਨੂੰ ਕਿਸੇ ਅਜਿਹੀ ਥਾਂ ’ਤੇ ਰੱਖੋ ਜਿੱਥੇ ਤੁਹਾਡਾ ਕੁੱਤਾ ਉਸਨੂੰ ਡੇਗ ਨਹੀਂ ਸਕੇਗਾ।

## ਅਜੇ ਵੀ ਫ਼ਿਕਰਮੰਦ ਹੋ?

- ਜੇਕਰ ਤੁਸੀਂ ਆਪਣੇ ਬੱਚੇ ਨਾਲ ਆਪਣੇ ਕੁੱਤੇ ਦੇ ਵਿਹਾਰ ਬਾਰੇ ਫ਼ਿਕਰਮੰਦ ਹੋ ਤਾਂ ਆਪਣੇ ਪਸ਼ੂਆਂ ਦੇ ਡਾਕਟਰ ਨਾਲ ਗੱਲ ਕਰੋ। ਉਹ ਤੁਹਾਡੇ ਕੁੱਤੇ ਦੀ ਸਿਹਤ ਦੀ ਜਾਂਚ ਕਰੇਗਾ ਅਤੇ ਤੁਹਾਨੂੰ ਕਿਸੇ ਯੋਗ ਪਸ਼ੂ ਵਿਹਾਰਵਾਦੀ ਕੋਲ ਭੇਜੇਗਾ।
- ਆਪਣੇ ਨੇੜੇ ਕਿਸੇ ਯੋਗ ਪਸ਼ੂ ਵਿਹਾਰਵਾਦੀ ਨੂੰ ਲੱਭਣ ਲਈ **ਪਸ਼ੂ ਵਿਹਾਰ ਅਤੇ ਸਿਖਲਾਈ ਕੌਂਸਲ (Animal Behaviour and Training Council)** ਦੀ ਵੈੱਬਸਾਈਟ ’ਤੇ ਜਾਓ।




child accident prevention trust

Department for Environment Food & Rural Affairs

Dogs Trust

RSPCA

Office for Health Improvement and Disparities (OHID)

www.capt.org.uk   @ChildAccidentPreventionTrust   @capt_charity